BCM SCHOOL  BASANT AVENUE  DUGRI, LUDHIANA

ASSIGNMENT CLASS VIll Punjabi(ANSWER KEY)

ਪ੍ਰਸ਼ਨ 1 ਅਣਡਿੱਠਾ ਪੈਰ੍ਹਾ

ਹੇਠਾਂ ਦਿੱਤੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ-

ਢਾਕੇ ਦੀ ਵਧੀਆ ਮਲਮਲ ਦਾ ਇੱਕ ਇੰਚ ਕੱਪੜਾ ਬੁਣਨ ਲਈ 1400 ਧਾਗੇ ਵਰਤੇ ਜਾਂਦੇ ਸਨ ਅਤੇ ਉਸ ਤੋਂ ਘਟੀਆ ਮਲਮਲ ਦਾ ਇੱਕ ਇੰਚ ਕੱਪੜਾ 1800 ਧਾਗਿਆਂ ਨਾਲ ਬਣਦਾ ਸੀ। ਢਾਕੇ ਦੀ ਇਹ ਮਲਮਲ ਇੰਨੀ ਸੂਖਮ ਹੁੰਦੀ ਸੀ ਕਿ ਇਸ ਦਾ ਪੂਰਾ ਥਾਨ ਮੁੰਦਰੀ ਵਿੱਚੋਂ ਲੰਘ ਜਾਂਦਾ ਸੀ। 1857 ਈਸਵੀ ਦੇ ਵਿੱਚ ਐਡਵਰਡ ਸੱਤਵਾਂ ਭਾਰਤ ਆਇਆ ਜੋ ਉਦੋਂ ਪ੍ਰਿੰਸ ਆਫ ਵੇਲਜ਼ ਸੀ ਤਾਂ ਉਸਨੂੰ ਸਰ ਅਬਦੁਲ ਗਨੀ ਨੇ ਢਾਕੇ ਦੀ ਬਹੁਤ ਹੀ ਵਧੀਆ 30 ਗਜ਼ ਮਲਮਲ ਦਾ ਥਾਨ ਤੋਹਫੇ ਵਜੋਂ ਭੇਟ ਕੀਤਾ ਜਿਸ ਦਾ ਭਾਰ ਸਿਰਫ 300 ਗਰਾਮ ਸੀ। ਢਾਕੇ ਦੀ ਮਲਮਲ ਨੂੰ ਅੰਤਰ ਰਾਸ਼ਟਰੀ ਪੱਧਰ ਤੇ ਬਹੁਤ ਹੀ ਵਧੀਆ ਮੰਨਿਆ ਜਾਂਦਾ ਸੀ, ਕਿਹਾ ਜਾਂਦਾ ਹੈ ਕਿ ਮਿਸਰ ਦੇ ਬਾਦਸ਼ਾਹ ਫੈਰੋ ਸ਼ਾਹੀ ਮੰਮੀਆਂ ਦੇ ਲਪੇਟਣ ਲਈ ਢਾਕੇ ਦੀ ਮਲਮਲ ਹੀ ਵਰਤਦੇ ਸਨ। ਮਲਮਲ ਨੂੰ ਧੋਣ, ਉਸਦੇ ਵਲ ਕੱਢਣ ਅਤੇ ਇਸ ਨੂੰ ਚਮਕਾ ਕੇ ਇਸਦੀ ਦਿੱਖ ਨੂੰ ਸੁੰਦਰ ਬਣਾਉਣ ਵਿੱਚ ਢਾਕੇ ਦੇ ਧੋਬੀ ਬਹੁਤ ਨਿਪੁੰਨ ਸਨ | ਵਧੀਆ ਕਿਸਮ ਦੀ ਮਲਮਲ ਨੂੰ ਚਮਕਾਉਣ ਲਈ ਕੈਂਚ ਨਾ ਦੇ ਸਮੁੰਦਰੀ ਜੀਵਾਂ ਦੇ ਖੋਲਾਂ ਦੀ ਵਰਤੋਂ ਕੀਤੀ ਜਾਂਦੀ ਸੀ।

(ੳ) ਐਡਵਰਡ ਸੱਤਵਾਂ ਭਾਰਤ ਕਦੋਂ ਆਇਆ ਸੀ ?

ਉੱਤਰ-  C 1857 ਈਸਵੀ ਵਿੱਚ

(ਅ) ਮਲਮਲ ਨੂੰ ਦੇ ਪੂਰੇ ਥਾਨ ਦਾ ਕੱਪੜਾ ਕਿਸ ਵਿੱਚੋਂ ਲੰਘ ਜਾਂਦਾ ਸੀ ?

ਉੱਤਰ   C ਮੁੰਦਰੀ ਵਿੱਚੋਂ

(ੲ) ਢਾਕੇ ਦੀ ਮਲਮਲ ਕਿਹੜੇ ਪੱਧਰ ਤੇ ਵਧੀਆ ਮੰਨਿਆ ਜਾਂਦੀ ਸੀ ?

ਉੱਤਰ   C ਅੰਤਰਰਾਸ਼ਟਰੀ

2. ਹੇਠਾਂ ਦਿੱਤੇ ਕਾਵਿ-ਟੋਟੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲੱਭੋ-

ਮਾਰ-ਮਾਰ ਹਾਕਾਂ ਉਹਨੇ ਪੈਲੀਆਂ ਜਗਾਉਣੀਆਂ,

ਸਾਵੀਆਂ ਪੁਸ਼ਾਕਾਂ ਪਾ-ਪਾ ਸੁਹਣੀਆਂ ਸਜਾਉਣੀਆਂ।

ਬੇਲਿਆਂ ਤੇ ਬੰਜਰਾਂ ਨੂੰ ਜਾਊ ਰੰਗਦੀ,

ਲਾਲੀ ਜਿੱਥੇ ਪਊ ਉਹਦੇ ਅੰਗ-ਅੰਗ ਦੀ।

ਪਿੰਡਾਂ ਦੀਆਂ ਰੌਣਕਾਂ 'ਚ ਜਾਊ ਨੱਚਦੀ,

ਭਾਖੜੇ ਤੋਂ ਆਉਂਦੀ ਇੱਕ ਮੁਟਿਆਰ ਨੱਚਦੀ।

(ੳ) ਇਸ ਕਾਵਿ-ਟੋਟੇ ਵਿੱਚ ਕਿਸ ਦੀ ਗੱਲ ਕੀਤੀ ਗਈ ਹੈ ?

ਉੱਤਰ - ਭਾਖੜਾ ਡੈਮ

(ਅ) ਬਿਜਲੀ ਨੇ ਪੈਲੀਆਂ ਨੂੰ ਕਿਵੇਂ ਜਗਾਉਣਾ ਹੈ ?

ਉੱਤਰ -ਹਾਕਾਂ ਮਾਰ ਮਾਰ ਕੇ

2. ਪ੍ਰਸ਼ਨ -ਵਿਆਕਰਨ

1. ਸੰਬੰਧਕ ਦੀ ਪਰਿਭਾਸ਼ਾ ਲਿਖੋ?

ਉੱਤਰ- ਜਿਹੜੇ ਸ਼ਬਦ ਵਾਕ ਵਿੱਚ ਨਾਂਵ,ਪੜਨਾਂਵ ਜਾਂ ਵਿਸ਼ੇਸ਼ਣ ਸ਼ਬਦਾਂ ਦਾ ਵਾਕ ਦੇ ਦੂਸਰੇ ਸ਼ਬਦਾਂ ਨਾਲ ਸਬੰਧ ਪ੍ਰਗਟ ਕਰਨ ਉਹਨਾਂ ਨੂੰ ਸੰਬੰਧਕ ਕਿਹਾ ਜਾਂਦਾ ਹੈ।

2. ਸਿਆਣਾ ਵਿਅਕਤੀ ਹਮੇਸ਼ਾ ਸਮਝਦਾਰੀ ਨਾਲ ਗੱਲ ਕਰਦਾ ਹੈ।ਵਾਕ ਵਿੱਚ ਬੁੱਧੀਮਾਨ ਸ਼ਬਦ ਦਾ ਅਰਥ ਲੱਭ ਕੇ ਉਸਦਾ ਸਹੀ ਸਮਾਨਾਰਥਕ ਸ਼ਬਦ ਚੁਣੋ।

ਉੱਤਰ- A ਅਕਲਮੰਦ

3. ਸੱਚਾ ਵਿਅਕਤੀ ਹਮੇਸ਼ਾ ਨਿਡਰ ਹੋ ਕੇ ਸੱਚ ਦਾ ਸਾਥ ਦਿੰਦਾ ਹੈ। ਵਾਕ ਵਿੱਚ ਨਿਡਰ ਸ਼ਬਦ ਵਿੱਚ ਲੱਗਾ ਸਹੀ ਅਗੇਤਰ ਚੁਣੋ?

ਉੱਤਰ B ਨਿ

5. ਮੁਹਾਵਰਾ (ਅਰਥ +ਵਾਕ )- ਗੰਢ ਭੇਜਣਾ

ਉੱਤਰ- ਸੱਦਾ ਭੇਜਣਾ

ਪ੍ਰਸ਼ਨ 3 - ਆਪਣੇ ਮਿੱਤਰ ਜਾਂ ਸਹੇਲੀ ਨੂੰ ਆਪਣੇ ਸਕੂਲ ਵਿੱਚ ਮਨਾਏ ਗਏ ਸੁਤੰਤਰਤਾ ਦਿਵਸ ਸਮਾਰੋਹ ਦਾ ਵਰਣਨ ਇੱਕ ਪੱਤਰ ਰਾਹੀਂ ਕਰੋ।

According to the pattern

ਛੋਟੇ ਪ੍ਰਸ਼ਨ 4. 1.ਸ੍ਰਿਸ਼ਟੀ ਦੀ ਸ਼ਕਤੀ ਕੌਣ ਹੈ?

ਉੱਤਰ -ਨਾਰੀ

2. ਸ਼ਾਮ ਸ਼ਹਿਰ ਵਿੱਚ ਕਿਸ ਨਾਲ ਰਹਿੰਦਾ ਸੀ?

ਉੱਤਰ- ਸ਼ਾਮ ਸ਼ਹਿਰ ਵਿੱਚ ਆਪਣੇ ਮੁੰਡਿਆਂ ਅਤੇ ਪਤਨੀ ਨਾਲ ਰਹਿੰਦਾ ਸੀ।।

ਵੱਡੇ ਪ੍ਰਸ਼ਨ-5 1. ਹਿਰਨੀ ਤੇ ਚੀਕੂ ਨੇ ਭੇੜੀਏ ਨੂੰ ਕਿਵੇਂ ਧੱਕਾ ਦਿੱਤਾ ਤੇ ਉਸਦਾ ਕੀ ਨਤੀਜਾ ਨਿਕਲ਼ਿਆ ?

According to the pattern

ਵੱਡਾ ਪ੍ਰਸ਼ਨ 6- ਰਮਨ ਅਤੇ ਅਮਨ ਦੇ ਸੁਭਾਅ ਵਿੱਚ ਅੰਤਰ ਲਿਖੋ?

According to the pattern

ਪ੍ਰਸ਼ਨ 7 - 1.ਸ਼ਬਦ ਅਰਥ- ਬੁਲੰਦ-ਮਜਬੂਤ ਲਾਇਕ- ਸਿਆਣਾ

2.ਵਿਰੋਧੀ ਸ਼ਬਦ- ਉਧਾਰ - ਨਕਦ

3.**ਬਾਲ** ਸ਼ਬਦ ਦਾ ਸਮਾਨਾਰਥਕ ਸ਼ਬਦ ਲਿਖੋ ।

ਉੱਤਰ -ਬੱਚੇ

੪.ਲਿੰਗ ਬਦਲੋ -ਗਿੱਦੜ ਨੇ ਸ਼ੇਰ ਨੂੰ ਆਪਣੇ ਮਗਰ ਭਜਾਇਆ।

ਉੱਤਰ -ਗਿੱਦੜੀ ਨੇ ਸ਼ੇਰਨੀ ਨੂੰ ਆਪਣੇ ਮਗਰ ਭਜਾਇਆ।